# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ:ਪੀ.ਐਸ.ਬੀ./ਆਈ.ਟੀ./ 26 ਮਿਤੀ: 4/1/16

ਸੇਵਾ ਵਿਖੇ

ਪ੍ਰਿੰਸੀਪਲ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ/ਇਸਤਰੀਆਂ ਲਈ,
ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ,
ਪੰਜਾਬ ਰਾਜ ਅਧੀਨ।

**ਵਿਸ਼ਾ:- ਬੋਰਡ ਵਲੋਂ ਜਾਰੀ ਹਦਾਇਤਾਂ/ਪੱਤਰ ਬੋਰਡ ਦੀ ਵੈਬਸਾਈਟ ਤੇ ਰੁਟੀਨ ਵਿੱਚ ਚੈਕ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਬੋਰਡ ਦਫਤਰ ਵਲੋਂ ਪ੍ਰੀਖਿਆ ਅਤੇ ਇਸ ਨਾਲ ਸਬੰਧਤ ਕੰਮਾਂ ਲਈ ਸਮੇਂ ਸਮੇਂ ਤੇ ਪੰਜਾਬ ਬੋਰਡ ਦੀ ਵੈਬਸਾਈਟ ਤੇ ਪਾਲਣਾ ਹਿਤ ਹਦਾਇਤਾਂ/ਪੱਤਰ ਅਪਲੋਡ ਕੀਤੇ ਜਾਂਦੇ ਹਨ। ਪਰ ਇਹ ਦੇਖਣ ਵਿੱਚ ਆਇਆ ਹੈ ਕਿ ਸਬੰਧਤ ਸੰਸਥਾਵਾਂ ਵਲੋਂ ਬੋਰਡ ਦੀ ਵੈਬਸਾਈਟ ਹਰ ਰੋਜ ਚੈਕ ਨਹੀਂ ਕੀਤੀ ਜਾਂਦੀ, ਜਿਸ ਕਰਕੇ ਬੋਰਡ ਦਫਤਰ ਦੇ ਕੰਮਕਾਜ ਨੂੰ ਸਮੇਂ ਸਿਰ ਨੇਪਰੇ ਚਾੜਨ ਵਿੱਚ ਕਾਫੀ ਔਕੜਾਂ ਪੇਸ਼ ਆਉਂਦੀਆਂ ਹਨ। ਕਿਉਂ ਜੋ ਪ੍ਰੀਖਿਆ ਨਾਲ ਸਬੰਧਤ ਕੰਮ ਅਤਿ ਜਰੂਰੀ ਅਤੇ ਸਮਾਂਬੱਧ ਹੁੰਦਾ ਹੈ, ਇਸ ਲਈ ਵਿਦਿਆਰਥੀਆਂ/ਸੰਸਥਾ ਦੇ ਹਿਤ ਵਿੱਚ ਇਸ ਪੱਤਰ ਰਾਹੀਂ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਪੰਜਾਬ ਬੋਰਡ ਦੀ ਵੈਬ ਸਾਈਟ ਨੂੰ ਹਰ ਰੋਜ ਘੱਟੋ ਘੱਟ ਤਿੰਨ ਵਾਰ (ਸਵੇਰੇ 9 ਵਜੇ, ਦੁਪਹਿਰੇ 1 ਵਜੇ ਅਤੇ ਸ਼ਾਮ ਨੂੰ 5 ਵਜੇ) ਦੇਖਣਾ ਯਕੀਨੀ ਬਣਾਇਆ ਜਾਵੇ ਅਤੇ ਮੰਗ ਅਨੁਸਾਰ ਹੀ ਕਾਰਵਾਈ ਸਮੇਂ ਸਿਰ ਕੀਤੀ ਜਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)